# ਕੀ ਤੁਸੀਂ ਤਿਆਰ ਹੋ?

IBC Insurance Bureau of Canada



ਗੜੇਮਾਰੀ ਤੁਹਾਡੇ ਘਰ ਅਤੇ ਜਾਇਦਾਦ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾ ਸਕਦੀ ਹੈ।

## ਤਿਆਰ ਰਹੋ।

**ਇਹ ਯਕੀਨੀ ਬਣਾਓ ਕਿ ਤੁਹਾਡਾ ਘਰ ਅਤੇ ਪਰਿਵਾਰ ਗੜੇਮਾਰੀ ਦੇ ਆਉਣ ਤੋਂ ਪਹਿਲਾਂ ਇਸਦੇ ਲਈ ਤਿਆਰ ਹੋਣ। ਆਉਣ ਵਾਲੇ ਗੜਿਆਂ ਦੇ ਮੌਸਮ ਤੋਂ ਪਹਿਲਾਂ ਇਨ੍ਹਾਂ ਸੁਝਾਵਾਂ 'ਤੇ ਵਿਚਾਰ ਕਰੋ।**

### ਆਪਣੇ ਬੀਮਾਕਾਰ ਨਾਲ ਗੱਲ ਕਰੋ।

ਕੀ ਤੁਹਾਡੀ ਪਾਲਿਸੀ ਨਵੀਨਤਮ ਹੈ? ਤੁਹਾਡੇ ਬੀਮਾਕਰਤਾ ਜਾਂ ਬੀਮਾ ਪੇਸ਼ੇਵਰ ਨਾਲ ਗੱਲਬਾਤ ਇਹ ਯਕੀਨੀ ਬਣਾ ਸਕਦੀ ਹੈ ਕਿ ਤੁਹਾਡਾ ਘਰ ਅਤੇ ਸੰਪਤੀ ਸੁਰੱਖਿਅਤ ਹੈ।

### ਆਪਣੇ ਘਰ ਦਾ ਮੁਲਾਂਕਣ ਕਰਵਾਓ।

ਇੰਸਟੀਚਿਊਟ ਫਾਰ ਕੈਟਾਸਟ੍ਰੋਫਿਕ ਲੌਸ ਰਿਡਕਸ਼ਨ (ICLR) ਤੁਹਾਡੇ ਘਰ ਦੇ ਗੜੇਮਾਰੀ ਅਤੇ ਹੋਰ ਖ਼ਤਰਿਆਂ ਦਾ ਸਾਮ੍ਹਣਾ ਕਰਨ ਦੀ ਯੋਗਤਾ ਦਾ ਮੁਲਾਂਕਣ ਕਰਨ ਲਈ ਬਿਲਡਿੰਗ ਇੰਸਪੈਕਟਰ ਨੂੰ ਨਿਯੁਕਤ ਕਰਨ ਦੀ ਸਿਫ਼ਾਰਸ਼ ਕਰਦਾ ਹੈ।

## ਇਹ ਮਹੱਤਵਪੂਰਨ ਹੈ ਕਿ ਮਕਾਨ ਮਾਲਕ ਇਸ ਵੱਲ ਧਿਆਨ ਦੇਣ:

- ਛੱਤ
- ਪਾਸੇ
- ਰੋਸ਼ਨੀ ਲਈ ਮੋਰੀਆਂ, ਖਿੜਕੀਆਂ ਅਤੇ ਦਰਵਾਜ਼ੇ।

ਇਹ ਅਤੇ ਤੁਹਾਡੇ ਘਰ ਦੇ ਹੋਰ ਖੇਤਰ ਗੜੇਮਾਰੀ ਤੋਂ ਹੋਣ ਵਾਲੇ ਨੁਕਸਾਨ ਪ੍ਰਤੀ ਅਸੁਰੱਖਿਅਤ ਹੋ ਸਕਦੇ ਹਨ। ਵਿਸ਼ੇਸ਼ ਤੌਰ 'ਤੇ ਇਹਨਾਂ ਖੇਤਰਾਂ ਦੀ ਗੜੇਮਾਰੀ ਦਾ ਸਾਮ੍ਹਣਾ ਕਰਨ ਦੀ ਯੋਗਤਾ ਲਈ ਜਾਂਚ ਕੀਤੀ ਜਾਣੀ ਚਾਹੀਦੀ ਹੈ। ਜੇ ਤੁਹਾਡੀਆਂ ਛੱਤ ਦੀਆਂ ਸ਼ੀਟਾਂ ਅਤੇ ਪਾਸਿਆਂ ਦੀਆਂ ਕੰਧਾਂ ਪੁਰਾਣੀਆਂ ਹਨ ਅਤੇ ਮੁਰੰਮਤ ਜਾਂ ਤਬਦੀਲੀ ਦੀ ਲੋੜ ਹੈ, ਤਾਂ ਅਸੀਂ ਤੁਹਾਨੂੰ ਜ਼ੋਰ ਦੇ ਕੇ ਉਨ੍ਹਾਂ ਨੂੰ ਅਜਿਹੀਆਂ ਸਮੱਗਰੀਆਂ ਦੇ ਨਾਲ ਬਦਲਣ ਜਾਂ ਅਪਗ੍ਰੇਡ ਕਰਨ ਬਾਰੇ ਵਿਚਾਰ ਕਰਨ ਲਈ ਕਹਿੰਦੇ ਹਾਂ ਜੋ ਗੜੇਮਾਰੀ ਦਾ ਸਾਮ੍ਹਣਾ ਕਰ ਸਕਦੀਆਂ ਹਨ। ਜੇ ਤੁਹਾਡੇ ਘਰ ਵਿੱਚ ਮੌਜੂਦਾ ਗੜਿਆਂ ਤੋਂ ਮੁਰੰਮਤ ਨਾ ਕੀਤਾ ਨੁਕਸਾਨ ਹੈ, ਤਾਂ ਇਹ ਤੁਹਾਡੀ ਬੀਮਾ ਕਵਰੇਜ ਨੂੰ ਪ੍ਰਭਾਵਿਤ ਕਰ ਸਕਦਾ ਹੈ।

## ਆਪਣੇ ਵਾਹਨ ਨੂੰ ਢੱਕੋ।

ਗੜੇਮਾਰੀ ਕਰਕੇ ਵਾਹਨਾਂ ਨੂੰ ਨੁਕਸਾਨ ਮਹਿੰਗਾ ਹੋ ਸਕਦਾ ਹੈ। ਤੁਹਾਡੇ ਵਾਹਨ ਦੀ ਰੱਖਿਆ ਗੜੇ ਪੈਣ ਤੋਂ ਪਹਿਲਾਂ ਸ਼ੁਰੂ ਹੁੰਦੀ ਹੈ। ਤੁਹਾਡੇ ਵਾਹਨ ਦੀ ਰੱਖਿਆ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ ਇਸਨੂੰ ਕਾਰਪੋਰਟ ਜਾਂ ਗੈਰੇਜ ਵਿੱਚ ਰੱਖਣਾ। ਜੇ ਕੋਈ ਅਸਥਾਈ ਜਾਂ ਸਥਾਈ ਪਨਾਹ ਉਪਲਬਧ ਨਹੀਂ ਹੈ, ਤਾਂ ਇੱਕ ਹੋਰ ਵਿਕਲਪ ਇੱਕ "ਗੜੇ ਪ੍ਰਤੀਰੋਧਕ" ਲੋੜ ਅਨੁਸਾਰ ਤਿਆਰ ਕੀਤਾ ਕਾਰ ਦਾ ਕਵਰ ਖਰੀਦਣਾ ਹੈ, ਉਸੇ ਤਰ੍ਹਾਂ ਦਾ ਜਿਵੇਂ ਦਾ ਪੁਰਾਣੀਆਂ ਕਾਰਾਂ ਨੂੰ ਕਵਰ ਕਰਨ ਲਈ ਵਰਤਿਆ ਜਾਂਦਾ ਹੈ ਜਦੋਂ ਉਹ ਵਰਤੋਂ ਵਿੱਚ ਨਹੀਂ ਹੁੰਦੀਆਂ ਹਨ।



## ਆਪਣੇ ਘਰ ਅਤੇ ਜਾਇਦਾਦ ਨੂੰ ਗੜਿਆਂ ਤੋਂ ਬਚਾਉਣ ਦੇ ਤਰੀਕੇ ਬਾਰੇ ਹੋਰ ਜਾਣਨਾ ਚਾਹੁੰਦੇ ਹੋ?

ਇਹਨਾਂ ਵੈੱਬਸਾਈਟਾਂ 'ਤੇ ਜਾਓ:

www.ibc.ca/hail

www.hail-smart.com

www.calgary.ca/csps/cema/types-of-emergencies/what-to-do-during-a-hail-storm.html

IBC | Insurance Bureau of Canada

Institute for Catastrophic Loss Reduction
Building resilient communities

Calgary

Insurance Brokers Association of Alberta ibaa